EQUIFAX

sidbi

# ਮਾਈਕ੍ਰੋਫਾਈਨਾਂਸ ਪਲਸ

VOL IX – ਜੁਲਾਈ 2021



# ਵਿਸ਼ਲੇਸ਼ਣਾਤਮਕ ਸੰਪਰਕ


### ਇਕੁਇਫੈਕਸ

ਕਿਰਨ ਸਮੁਦਰਾਲਾ
ਵੀਪੀ – ਵਿਸ਼ਲੇਸ਼ਕ

kiran.samudrala@equifax.com

ਸ਼ਰੂਤੀ ਜੋਸ਼ੀ
ਏਵੀਪੀ – ਵਿਸ਼ਲੇਸ਼ਕ

shruti.joshi@equifax.com

ਵੰਦਨਾ ਪੰਚਾਲ

ਸੀਨੀਅਰ ਸਾਬਕਾ –
ਵਿਸ਼ਲੇਸ਼ਕ

vandana.panchal@equifax.com

### ਸਿਡਬੀ

ਕੈਲਾਸ਼ ਚੰਦਰ ਭਾਨੂ
ਸੀਜੀਐੱਮ-ਸੀਐੱਸ ਅਤੇ ਆਰਵੀ-ਈਆਰਡੀਏ

erdav@sidbi.in

ਰੰਗਦਾਸ ਪ੍ਰਭਾਵਤੀ
ਡੀਜੀਐੱਮ-ਸੀਐੱਸ ਅਤੇ ਆਰਵੀ-ਈਆਰਡੀਏ

erdav@sidbi.in

ਰਮੇਸ਼ ਕੁਮਾਰ
ਏਐੱਮ-ਸੀਐੱਸ ਅਤੇ ਆਰਵੀ-ਈਆਰਡੀਏ

rameshk@sidbi.in

# ਇੰਡੈਕਸ


- ਕਾਰਜਕਾਰੀ ਸੰਖੇਪ 04
- ਸੰਖੇਪ ਸ਼ਬਦ ਅਤੇ ਸ਼ਬਦਾਵਲੀ 05
- ਮਾਈਕ੍ਰੋਫਾਈਨਾਂਸ ਉਦਯੋਗ ਬਾਰੇ ਸੰਖੇਪ ਜਾਣਕਾਰੀ 06
- ਵੰਡ ਦੇ ਰੁਝਾਨ 09
- ਇੰਡਸਟਰੀ ਜੋਖਮ ਪ੍ਰੋਫਾਈਲ 12
- ਭੂਗੋਲਿਕ ਐਕਸਪੋਜ਼ਰ 14
- ਵਿਆਪਕ ਰਾਜ ਪ੍ਰੋਫਾਈਲ: ਕਰਨਾਟਕ 17
- ਅਭਿਲਾਸ਼ੀ ਜ਼ਿਲ੍ਹੇ 22
- ਕੋਵਿਡ-19 ਅਤੇ ਜੀਓ ਟ੍ਰੈਂਡਸ 24

# ਕਾਰਜਕਾਰੀ ਸੰਖੇਪ

ਕੋਵਿਡ-19 ਨੇ ਸਪਲਾਈ ਚੇਨ ਅਤੇ ਕਾਰੋਬਾਰੀ ਕਾਰਜਾਂ ਵਿੱਚ ਵਿਘਨ ਕਾਰਨ, ਮੁੱਖ ਤੌਰ ’ਤੇ ਮਾਈਕਰੋ-ਫਾਈਨਾਂਸ ਸੈਕਟਰ ਨੂੰ ਅਤੇ ਖਾਸ ਤੌਰ ’ਤੇ ਘੱਟ ਆਮਦਨੀ ਵਾਲੇ ਸਮੂਹਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। 31 ਮਾਰਚ, 2021 ਨੂੰ ਅੰਕੜਾ ਪੇਸ਼ ਕਰਨ ਦੇ ਆਧਾਰ ’ਤੇ ਮਾਈਕ੍ਰੋਫਾਈਨਾਂਸ ਪਲਸ ਦਾ 9ਵਾਂ ਸੰਸਕਰਣ, ਮਾਈਕ੍ਰੋਫਾਈਨਾਂਸ ਉਦਯੋਗ ਦੇ ਰੁਝਾਨਾਂ ਅਤੇ ਪ੍ਰੋਗਰੈਸ ਨੂੰ ਦਿਖਾਉਂਦਾ ਹੈ।.

31 ਮਾਰਚ, 2021 ਤੱਕ ਮਾਈਕ੍ਰੋਫਾਈਨਾਂਸ ਉਦਯੋਗ ਦਾ ਬੁੱਕ ਆਕਾਰ 249,277 ਕਰੋੜ ਸੀ, ਇਸ ਵਿੱਚੋਂ ਬੈਂਕ ਅਤੇ ਐੱਨਬੀਐੱਫ਼ਸੀ-ਐੱਮਐੱਫ਼ਆਈ ਬਕਾਇਆ ਪੋਰਟਫੋਲੀਓ ਦੇ ਵਿੱਚ 75% ਤੋਂ ਵੱਧ ਯੋਗਦਾਨ ਪਾਉਂਦੇ ਹਨ। ਮਾਈਕ੍ਰੋਫਾਈਨਾਂਸ ਉਦਯੋਗ ਨੇ ਮਾਰਚ, 2020 ਤੋਂ ਮਾਰਚ, 2021 ਤੱਕ 18% ਦਾ ਸਾਲ ਦਰ ਸਾਲ ਵਾਧਾ ਵੇਖਿਆ ਹੈ ਜੋ ਬਕਾਇਆ ਪੋਰਟਫੋਲੀਓ ਦੇ ਰੂਪ ਵਿੱਚ ਆਪਣੀ ਲਚਕਤਾ ਦਿਖਾਉਂਦਾ ਹੈ ਅਤੇ ਰਿਕਵਰ ਹੋ ਰਿਹਾ ਹੈ ਅਤੇ ਕੋਵਿਡ ਤੋਂ ਪਹਿਲਾਂ ਦੀ ਸਥਿਤੀ ਵਿੱਚ ਵਾਪਸ ਆ ਰਿਹਾ ਹੈ। ਕਰਜ਼ਾ ਦੇਣ ਵਾਲੀਆਂ ਸ਼੍ਰੇਣੀਆਂ ਵਿੱਚ, ਬੈਂਕਾਂ ਨੇ ਬਾਜ਼ਾਰ ਹਿੱਸੇਦਾਰੀ ਵਿੱਚ ਨਿਰੰਤਰ ਵਾਧੇ ਦੇ ਨਾਲ, 36% ਦਾ ਸਭ ਤੋਂ ਵੱਧ ਸਾਲ ਦਰ ਸਾਲ ਵਾਧਾ ਦਰਜ ਕੀਤਾ ਹੈ।

ਮਾਈਕ੍ਰੋਫਾਈਨਾਂਸ ਉਦਯੋਗ ਨੇ ਜੇਐੱਫ਼ਐੱਮ ’21 ਦੇ ਦੌਰਾਨ 93,100 ਕਰੋੜ ਦੇ ਕਰਜ਼ੇ ਵੰਡੇ ਹਨ। ਮਾਤਰਾ ਦੇ ਹਿਸਾਬ ਨਾਲ ਕਰਜ਼ੇ ਦੀ ਵੰਡ ਵਿੱਚ ਸਾਲ ਦਰ ਸਾਲ 17% ਦਾ ਵਾਧਾ ਹੋਇਆ ਅਤੇ ਮੁੱਲ ਦੇ ਹਿਸਾਬ ਨਾਲ ਜੇਐੱਫ਼ਐੱਮ ’20 ਤੋਂ ਜੇਐੱਫ਼ਐੱਮ ’21 ਤੱਕ 26% ਵਾਧਾ ਹੋਇਆ ਹੈ। ਬੈਂਕਾਂ ਨੇ ਸਾਰੀਆਂ ਤਿਮਾਹੀਆਂ ਵਿੱਚ ਕਰਜ਼ਾ ਵੰਡ ਲਈ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਓਐੱਨਡੀ ’20 ਤੋਂ ਜੇਐੱਫ਼ਐੱਮ ’21 ਤੱਕ ਵੰਡੇ ਗਏ ਕਰਜ਼ੇ ਅਤੇ ਆਲ ਇੰਡੀਆ ਏਟੀਐੱਸ ਦੀ ਸੰਖਿਆ 19% ਵਧ ਗਈ ਹੈ।

ਜਿਵੇਂ ਕਿ ਉਦਯੋਗ ਦੀ ਕੁਲੈਕਸ਼ਨ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਹੋਇਆ ਹੈ, ਐਕਟਿਵ ਲੋਨ ਡੀਲੀਕੁਐਂਸੀ ਸਮੂਹਾਂ ਵਿੱਚ ਦਸੰਬਰ 2020 ਦੇ ਮੁਕਾਬਲੇ ਮਾਰਚ 2021 ਵਿੱਚ ਸੁਧਾਰ ਦਿਖ ਰਿਹਾ ਹੈ।

ਪੱਛਮੀ ਬੰਗਾਲ ਸਭ ਤੋਂ ਵੱਧ ਪੀਓਐੱਸ ਦੇ 25% ਸਾਲ ਦਰ ਸਾਲ ਵਾਧੇ ਦੇ ਨਾਲ ਸਿਖਰ ’ਤੇ ਹੈ ਜੋ ਕਿ ਉਦਯੋਗ ਦੇ 18% ਦੇ ਵਾਧੇ ਨਾਲੋਂ ਵੀ ਵੱਧ ਹੈ। ਮਾਰਚ, 2020 ਵਿੱਚ 5ਵੇਂ ਸਥਾਨ ਤੋਂ ਮਾਰਚ, 2021 ਵਿੱਚ ਮਹਾਰਾਸ਼ਟਰ 6ਵੇਂ ਸਥਾਨ ’ਤੇ ਆ ਗਿਆ ਹੈ। ਇਕੱਲੇ ਕਰਨਾਟਕ ਨੂੰ ਛੱਡ ਕੇ, ਮਾਰਚ 2020 ਦੇ ਮੁਕਾਬਲੇ ਮਾਰਚ 2021 ਵਿੱਚ ਸਾਰੇ ਪ੍ਰਮੁੱਖ ਰਾਜਾਂ ਦੇ 90+ ਡੀਲੀਕੁਐਂਸੀ ਵਧੇ ਹਨ।

ਐੱਮਐੱਫ਼ਆਈ ਵਿੱਚ ਚੋਟੀ ਦੇ ਰਾਜ ’ਤੇ ਕੇਂਦ੍ਰਤ ਕਰਨ ਦੀ ਸਾਡੀ ਪ੍ਰਕਿਰਿਆ ਨੂੰ ਜਾਰੀ ਰੱਖਦੇ ਹੋਏ, ਅਸੀਂ ਇਸ ਸੰਸਕਰਣ ਵਿੱਚ ਕਰਨਾਟਕ ਰਾਜ ਲਈ ਢੁੱਕਵਾਂ ਰਾਜ ਪ੍ਰੋਫਾਈਲ ਪੇਸ਼ ਕਰਾਂਗੇ। 31 ਮਾਰਚ, 2021 ਤੱਕ ਕਰਨਾਟਕ ਦਾ ਬਕਾਇਆ ਪੋਰਟਫੋਲੀਓ 20,330 ਕਰੋੜ ਸੀ ਅਤੇ ਮਾਰਚ, 2020 ਤੋਂ ਮਾਰਚ, 2021 ਤੱਕ ਇਸ ਵਿੱਚ ਸਾਲ ਦਰ ਸਾਲ ਵਾਧਾ ਦਰ 16% ਰਹੀ ਸੀ। ਕਰਨਾਟਕ ਰਾਜ ਵਿੱਚ ਮਾਤਰਾ ਦੇ ਹਿਸਾਬ ਨਾਲ ਲੋਨ ਸੋਰਸਿੰਗ ਵਿੱਚ ਜੇਐੱਫ਼ਐੱਮ ’20 ਤੋਂ ਜੇਐੱਫ਼ਐੱਮ ’21 ਤੱਕ 12% ਦਾ ਸਾਲ ਦਰ ਸਾਲ ਵਾਧਾ ਹੋਇਆ ਹੈ। ਕਰਨਾਟਕ ਰਾਜ ਲਈ ਕੁੱਲ ਮਿਲਾ ਕੇ 90+ ਡੀਲੀਕੁਐਂਸੀ ਮਾਰਚ, 2020 ਦੇ 2.41% ਤੋਂ ਮਾਰਚ, 2021 ਵਿੱਚ ਘੱਟ ਕੇ 1.73% ਰਹਿ ਗਿਆ ਹੈ।

ਕੋਵਿਡ ਸੰਕਟ ਅਤੇ ਉੱਤਰ, ਦੱਖਣ, ਪੂਰਬ ਅਤੇ ਪੱਛਮ ਦੇ ਵੱਖ-ਵੱਖ ਜ਼ੋਨਾਂ ’ਤੇ ਇਸ ਦੇ ਪ੍ਰਭਾਵ ਨੂੰ ਇਸ ਸੰਸਕਰਣ ਵਿੱਚ ਸ਼ਾਮਲ ਕੀਤਾ ਗਿਆ ਹੈ, ਵੰਡੀ ਗਈ ਰਕਮ ਵਿੱਚ ਸਭ ਤੋਂ ਵੱਧ ਯੋਗਦਾਨ ਪੂਰਬੀ ਜ਼ੋਨ ਦਾ ਹੈ ਜੋ ਕੁੱਲ ਵੰਡੀ ਗਈ ਰਕਮ ਦਾ 45% ਹੈ। ਮਾਰਚ, 2020 ਤੋਂ ਮਾਰਚ, 2021 ਤੱਕ ਸਾਰੇ ਜ਼ੋਨਾਂ ਵਿੱਚ ਬੈਂਕਾਂ ਦੁਆਰਾ ਵੰਡੀ ਗਈ ਰਕਮ ਦਾ ਮਾਰਕੀਟ ਸ਼ੇਅਰ ਵਧਿਆ ਹੈ। ਦੱਖਣੀ ਜ਼ੋਨ ਵਿੱਚ ਜੇਐੱਫ਼ਐੱਮ ’20 ਤੋਂ ਜੇਐੱਫ਼ਐੱਮ ’21 ਤੱਕ 13% ਦਾ ਸਭ ਤੋਂ ਵੱਧ ਸਾਲ ਦਰ ਸਾਲ ਏਟੀਐੱਸ ਵਾਧਾ ਹੋਇਆ ਹੈ।

# ਸੰਖੇਪ ਸ਼ਬਦ ਅਤੇ ਸ਼ਬਦਾਵਲੀ

- ਏਟੀਐੱਸ (ਔਸਤਨ ਟਿਕਟ ਦਾ ਆਕਾਰ) = ਵੰਡੀ ਗਈ ਰਕਮ / ਕਰਜ਼ਿਆਂ ਦੀ ਸੰਖਿਆ
- ਡੀਪੀਡੀ = ਬੀਤੇ ਦਿਨਾਂ ਦਾ ਬਕਾਇਆ
- ਲਾਈਵ ਪੀਓਐੱਸ ਜਾਂ ਕਰਜ਼ ਲੈਣ ਵਾਲਾ ਜਾਂ ਐਕਟਿਵ ਕਰਜ਼ੇ = 0 ਤੋਂ 179 ਡੀਪੀਡੀ + ਨਵੇਂ ਖਾਤੇ + ਚਾਲੂ ਖਾਤੇ
- ਐੱਮਐੱਫ਼ਆਈ = ਮਾਈਕ੍ਰੋਫਾਈਨਾਂਸ ਸੰਸਥਾ
- ਪੀਓਐੱਸ = ਪੋਰਟਫੋਲੀਓ ਬਕਾਇਆ
- ਯੂਟੀ = ਕੇਂਦਰ ਸ਼ਾਸਤ ਪ੍ਰਦੇਸ਼
- ਅਭਿਲਾਸ਼ੀ ਜ਼ਿਲ੍ਹੇ (ਏਡੀ) - ਜਨਵਰੀ 2018 ਵਿੱਚ, ਭਾਰਤ ਸਰਕਾਰ ਦੇ ਨੀਤੀ ਆਯੋਗ ਦੁਆਰਾ ਅਭਿਲਾਸ਼ੀ ਜ਼ਿਲ੍ਹਿਆਂ (ਇਸ ਵੇਲੇ 117 ਜ਼ਿਲ੍ਹੇ) ਦੀ ਪਛਾਣ ਕੀਤੀ ਗਈ ਸੀ, ਇਨ੍ਹਾਂ ਜ਼ਿਲ੍ਹਿਆਂ ਦੀ ਪਛਾਣ ਇਸ ਲਈ ਕੀਤੀ ਗਈ ਸੀ ਤਾਂ ਕਿ ਸਿਹਤ ਅਤੇ ਪੋਸ਼ਣ, ਸਿੱਖਿਆ, ਖੇਤੀਬਾੜੀ ਅਤੇ ਜਲ ਸਰੋਤਾਂ, ਵਿੱਤੀ ਸ਼ਮੂਲੀਅਤ, ਹੁਨਰ ਵਿਕਾਸ ਅਤੇ ਬੁਨਿਆਦੀ ਢਾਂਚੇ ਵਰਗੇ ਸੰਯੋਜਤ ਸੰਕੇਤਾਂ ਦੇ ਅਧਾਰ 'ਤੇ ਭਾਰਤ ਦੇ ਮਨੁੱਖੀ ਵਿਕਾਸ ਸੂਚਕ ਅੰਕ ਨੂੰ ਹੋਰ ਵਧਾ ਕੇ ਇਸ ਵਿੱਚ ਸੁਧਾਰ ਕੀਤਾ ਜਾ ਸਕੇ।
- 1-179 = 1 ਤੋਂ 179 ਡੀਪੀਡੀ / ਲਾਈਵ ਪੀਓਐੱਸ
- 1-29 = 1 ਤੋਂ 29 ਡੀਪੀਡੀ / ਲਾਈਵ ਪੀਓਐੱਸ
- 30-59 = 30 ਤੋਂ 59 ਡੀਪੀਡੀ / ਲਾਈਵ ਪੀਓਐੱਸ
- 60-89 = 60 ਤੋਂ 89 ਡੀਪੀਡੀ / ਲਾਈਵ ਪੀਓਐੱਸ
- 90-179 = 90 ਤੋਂ 179 ਡੀਪੀਡੀ / ਲਾਈਵ ਪੀਓਐੱਸ
- 30+ ਡੀਲੀਕੁਐਂਸੀ = 30-179 ਡੀਪੀਡੀ / ਲਾਈਵ ਪੀਓਐੱਸ
- 90+ ਡੀਲੀਕੁਐਂਸੀ = 90-179 ਡੀਪੀਡੀ / ਲਾਈਵ ਪੀਓਐੱਸ
-
- ਜੇਐੱਮਐੱਫ਼ '20 = ਜਨਵਰੀ 2020 ਤੋਂ ਮਾਰਚ 2020
- ਏਐੱਮਜੇ '20 = ਅਪ੍ਰੈਲ 2020 ਤੋਂ ਜੂਨ 2020
- ਜੇਏਐੱਸ'20 = ਜੁਲਾਈ 2020 ਤੋਂ ਸਤੰਬਰ 2020
- ਓਐੱਨਡੀ '20 = ਅਕਤੂਬਰ 2020 ਤੋਂ ਦਸੰਬਰ 2020
- ਜੇਐੱਮਐੱਫ਼ '21 = ਜਨਵਰੀ 2021 ਤੋਂ ਮਾਰਚ 2021

# ਮਾਈਕ੍ਰੋਫਾਈਨਾਂਸ ਉਦਯੋਗ ਦੀ ਸਮੀਖਿਆ



# ਮਾਈਕ੍ਰੋਫਾਈਨਾਂਸ ਇੰਡਸਟਰੀ ਸਨੈਪਸ਼ਾਟ

31 ਮਾਰਚ 2021 ਨੂੰ




| Snapshot as on 31st March 2021 | Banks | SFBs | NBFC-MFIs | NBFCs | Not for | Total Industry |
|---|---|---|---|---|---|---|
| Unique Live Borrowers ('000) | 27,359 | 13,531 | 24,700 | 7,297 | 846 | 73,733 |
| Active Loans ('000) | 41,529 | 16,779 | 36,368 | 7,866 | 1,108 | 103,650 |
| Portfolio (`crore) | 109,867 | 38,903 | 79,420 | 18,992 | 2,095 | 249,277 |
| Disbursed Amount (`crore) - JFM' 21 | 48,665 | 11,603 | 27,395 | 4,671 | 766 | 93,100 |
| Average Ticket Size (`) - JFM' 21 | 43,417 | 36,993 | 35,223 | 41,256 | 32,037 | 39,627 |
| 30+ Delinquency (POS) | 10.63% | 8.06% | 7.15% | 10.56% | 1.72% | 9.04% |
| 90+ Delinquency (POS) | 4.81% | 3.51% | 3.33% | 5.06% | 0.95% | 4.12% |

- ਐੱਮਐੱਫ਼ਆਈ ਉਦਯੋਗ ਦਾ ਬਕਾਇਆ ਪੋਰਟਫੋਲੀਓ ਮਾਰਚ 2021 ਵਿੱਚ 249,277 ਕਰੋੜ ਸੀ।
- ਪੀਓਐੱਸ ਵਿੱਚ 75% ਤੋਂ ਵੱਧ ਯੋਗਦਾਨ ਬੈਂਕਾਂ ਅਤੇ ਐੱਨਬੀਐੱਫ਼ਸੀ-ਐੱਮਐੱਫ਼ਆਈ ਦਾ ਹੈ।
- ਜੇਐੱਫ਼ਐੱਮ '21 ਦੇ ਦੌਰਾਨ ਵੰਡ ਦੀ ਰਕਮ 93,100 ਕਰੋੜ ਰਹੀ ਹੈ ਜਿਸ ਵਿੱਚ ਬੈਂਕਾਂ ਦਾ 52% ਅਤੇ ਐੱਨਬੀਐੱਫ਼ਸੀ-ਐੱਮਐੱਫ਼ਆਈ ਦਾ 29% ਯੋਗਦਾਨ ਰਿਹਾ ਹੈ।
- ਐੱਨਬੀਐੱਫ਼ਸੀ-ਐੱਮਐੱਫ਼ਆਈ, ਐੱਸਐੱਫ਼ਬੀ ਅਤੇ ਬਗੈਰ ਲਾਭ ਵਾਲੇ ਐੱਮਐੱਫ਼ਆਈ ਲਈ 30+ ਅਤੇ 90+ ਡੀਲੀਕੁਐਂਸੀ ਉਦਯੋਗ ਦੇ ਡੀਲੀਕੁਐਂਸੀ ਨਾਲੋਂ ਘੱਟ ਹਨ।

ਨੋਟ: ਐੱਮਐੱਫ਼ਆਈ ਹਿੱਸੇ ਵਿੱਚ **6** ਕਰੋੜ ਵਿਲੱਖਣ ਲਾਈਵ ਕਰਜ਼ਾ ਲੈਣ ਵਾਲੇ ਹਨ। ਗਾਹਕਾਂ ਦੇ ਯੂਨੀਕ ਨੰਬਰਾਂ ਵਿੱਚ ਫ਼ਰਕ ਗਾਹਕਾਂ ਦੇ ਐੱਸਐੱਫ਼ਬੀ, ਬੈਂਕਾਂ, ਐੱਨਬੀਐੱਫ਼ਸੀ-ਐੱਮਐੱਫ਼ਆਈ ਅਤੇ ਬਗੈਰ ਲਾਭ ਵਾਲੇ ਐੱਮਐੱਫ਼ਆਈ ਦੇ ਨਾਲ ਬਹੁਤ ਸਾਰੇ ਸੰਬੰਧਾਂ ਦੇ ਕਾਰਨ ਹਨ।

# ਮਾਈਕ੍ਰੋਫਾਈਨਾਂਸ ਉਦਯੋਗ ਦੀ ਸੰਖੇਪ ਜਾਣਕਾਰੀ

**ਕਰਜ਼ਾ ਦੇਣ ਵਾਲਿਆਂ ਦੀ ਕਿਸਮ ਦੁਆਰਾ ਮਾਰਕੀਟ ਸ਼ੇਅਰ ਦੇ ਰੁਝਾਨ**




| Particulars | Mar' 20 | Jun' 20 | Sep' 20 | Dec' 20 | Mar' 21 |
|---|---|---|---|---|---|
| Banks | 81,001 | 91,920 | 93,409 | 96,683 | 109,867 |
| SFBs | 38,986 | 39,225 | 42,682 | 38,109 | 38,903 |
| NBFC-MFIs | 72,110 | 71,342 | 70,142 | 73,166 | 79,420 |
| NBFCs | 18,073 | 19,875 | 19,838 | 18,988 | 18,992 |
| Not for Profit MFIs | 1,679 | 1,842 | 1,772 | 1,872 | 2,095 |
| Total Industry | 211,849 | 224,204 | 227,843 | 228,818 | 249,277 |
| Q-o-Q growth rate % | - | 6% | 2% | 0% | 9% |

- ਐੱਮਐੱਫ਼ਆਈ ਉਦਯੋਗ ਕੋਵਿਡ ਤੋਂ ਪਹਿਲਾਂ ਦੀ ਸਥਿਤੀ ਵਿੱਚ ਵਾਪਸ ਪਰਤ ਰਿਹਾ ਹੈ। ਉਦਯੋਗ ਨੇ ਦਸੰਬਰ 2020 ਤੋਂ ਮਾਰਚ 2021 ਤੱਕ 9% ਦਾ ਸਾਲ ਦਰ ਸਾਲ ਵਾਧਾ ਹੋਇਆ ਅਤੇ ਮਾਰਚ 2020 ਤੋਂ ਮਾਰਚ 2021 ਤੱਕ 18% ਦਾ ਸਾਲ ਦਰ ਸਾਲ ਵਾਧਾ ਹੋਇਆ ਹੈ।
- ਕਰਜ਼ਾ ਦੇਣ ਵਾਲਿਆਂ ਦੀਆਂ ਸ਼੍ਰੇਣੀਆਂ ਵਿੱਚੋਂ, ਬੈਂਕਾਂ ਨੇ ਮਾਰਕਿਟ ਸ਼ੇਅਰ ਵਿੱਚ ਨਿਰੰਤਰ ਵਾਧੇ ਦੇ ਨਾਲ, 36% ਦਾ ਸਭ ਤੋਂ ਵੱਧ ਸਾਲ ਦਰ ਸਾਲ ਦਾ ਵਾਧਾ ਦਰਜ ਕੀਤਾ ਹੈ।
- ਐੱਨਬੀਐੱਫ਼ਸੀ – ਐੱਮਐੱਫ਼ਆਈ ਅਤੇ ਐੱਸਐੱਫ਼ਬੀ ਦਾ ਮਾਰਕਿਟ ਸ਼ੇਅਰ ਮਾਰਚ 2020 ਤੋਂ ਮਾਰਚ 2021 ਤੱਕ ਲਗਭਗ 2% ਘਟਿਆ ਹੈ।

# ਵੰਡ ਦੇ ਰੁਝਾਨ



# ਵੰਡ ਦੇ ਰੁਝਾਨ ਸੰਸਥਾ ਅਨੁਸਾਰ

**ਕਰਜ਼ਾ ਦੇਣ ਵਾਲਿਆਂ ਦੀ ਕਿਸਮ ਦੁਆਰਾ ਮਾਰਕੀਟ ਸ਼ੇਅਰ ਦੇ ਰੁਝਾਨ**




ਵੰਡੇ ਗਏ ਕਰਜ਼ਿਆਂ ਦੀ ਸੰਖਿਆ (ਲੱਖਾਂ ਵਿੱਚ)

| Lender Type | JFM‘ 20 | AMJ‘20 | JAS'20 | OND' 20 | JFM' 21 |
|---|---|---|---|---|---|
| ਬੈਂਕਾਂ | 83 | 14 | 47 | 102 | 112 |
| ਐੱਸਐੱਫ਼ਬੀ | 31 | 5 | 12 | 20 | 31 |
| ਐੱਨਬੀਐੱਫ਼ਸੀ – ਐੱਮਐੱਫ਼ਆਈ | 73 | 2 | 33 | 65 | 78 |
| ਐੱਨਬੀਐੱਫ਼ਸੀ | 11 | 1 | 5 | 8 | 11 |
| ਮੁਨਾਫ਼ਾ ਰਹਿਤ ਐੱਮਐੱਫ਼ਆਈ | 3 | 1 | 2 | 2 | 3 |
| ਕੁੱਲ ਉਦਯੋਗ | 201 | 23 | 99 | 197 | 235 |

ਜੇਐੱਫ਼ਐੱਮ ’21 ਦੇ ਦੌਰਾਨ ਜੇਐਫਐਮ ’20 ਤੋਂ 26% ਦੇ ਸਾਲ ਦਰ ਸਾਲ ਵਾਧੇ ਦੇ ਨਾਲ '93,100 ਕਰੋੜ ਰੁਪਏ ਵੰਡੇ ਗਏ ਸੀ। ਬੈਂਕਾਂ ਨੇ ਸਾਰੀਆਂ ਤਿਮਾਹੀਆਂ ਵਿੱਚ ਵੰਡ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ।

- ਜੇਐੱਫ਼ਐੱਮ ’20 ਤੋਂ ਜੇਐੱਫ਼ਐੱਮ ’21 ਤੱਕ ਲੋਨ ਸੋਰਸਿੰਗ 17% ਵਧੀ ਹੈ।
- ਜੇਐੱਫ਼ਐੱਮ ’20 ਤੋਂ ਜੇਐੱਫ਼ਐੱਮ ’21 ਤੱਕ ਬੈਂਕਾਂ ਦੁਆਰਾ ਮਾਤਰਾ ਦੇ ਲਿਹਾਜ਼ ਨਾਲ ਕਰਜ਼ੇ ਦੀ ਵੰਡ 35% ਵਧੀ ਹੈ।

# ਉਦਯੋਗ ਟਿਕਟ ਆਕਾਰ ਦੇ ਰੁਝਾਨ




ਵੰਡੇ ਗਏ ਕਰਜ਼ਿਆਂ ਦੀ ਸੰਖਿਆ (ਲੱਖਾਂ ਵਿੱਚ)

| Ticket Size | JFM‘ 20 | AMJ‘ 20 | JAS' 20 | OND' 20 | JFM' 21 | Y-o-Y growth rate % |
|---|---|---|---|---|---|---|
| 0K-10K | 9 | 2 | 4 | 34 | 19 | 111% |
| 10K-20K | 12 | 10 | 16 | 20 | 19 | 58% |
| 20K-30K | 46 | 2 | 18 | 33 | 39 | -15% |
| 30K-40K | 63 | 3 | 24 | 44 | 59 | -6% |
| 40K-50K | 33 | 2 | 18 | 29 | 38 | 15% |
| 50K-60K | 19 | 2 | 10 | 18 | 28 | 47% |
| 60K Plus | 19 | 2 | 9 | 19 | 33 | 74% |
| Total | 201 | 23 | 99 | 197 | 235 | 17% |
| Q-o-Qloandisbursalgrowthrate% | - | -89% | 330% | 99% | 19% | - |
| All India ATS (`) | 36,723 | 28,577 | 35,519 | 33,190 | 39,627 | - |
| Q-o-Q ATS growth rate % | - | -22% | 24% | -7% | 19% | - |

- ਜੇਐੱਫ਼ਐੱਮ '21 ਦੇ ਦੌਰਾਨ 20k ਤੋਂ 40k ਟਿਕਟ ਸਾਈਜ਼ ਸ਼੍ਰੇਣੀ ਦੇ ਅਧੀਨ 98 ਲੱਖ ਕਰਜ਼ੇ ਜਾਰੀ ਕੀਤੇ ਗਏ, ਜੋ ਕਿ ਜਾਰੀ ਕੀਤੇ ਗਏ ਕੁੱਲ ਕਰਜ਼ਿਆਂ ਦਾ 42% ਹੈ।
- 0k-10k ਟਿਕਟ ਸਾਈਜ਼ ਸ਼੍ਰੇਣੀ ਨੇ 111% ਦਾ ਸਭ ਤੋਂ ਵੱਧ ਸਾਲ ਦਰ ਸਾਲ ਵਾਧਾ ਦਰਸਾਇਆ ਹੈ।
- ਓਐੱਨਡੀ '20 ਤੋਂ ਜੇਐੱਫ਼ਐੱਮ '21 ਤੱਕ ਕਰਜ਼ਾ ਵੰਡ ਅਤੇ ਆਲ ਇੰਡੀਆ ਏਟੀਐੱਸ 19% ਵਧੀਆ

# ਉਦਯੋਗ ਜੋਖਮ ਪ੍ਰੋਫਾਈਲ



# ਡੀਲੀਕੁਐਂਸੀ ਦੇ ਰੁਝਾਨ

ਪਿਛਲੇ ਬਕਾਇਆ ਦਿਨਾਂ ਦੁਆਰਾ ਡੀਲੀਕੁਐਂਸੀ




ਪਿਛਲੇ ਬਕਾਇਆ ਦਿਨਾਂ ਦੁਆਰਾ ਡੀਲੀਕੁਐਂਸੀ

| Reporting Quarter | 1-29 days past due | 30-59 days past due | 60-89 days past due | 90-179 days past due | 1-179 days past due |
|---|---|---|---|---|---|
| Mar' 20 | 2.06% | 0.50% | 0.42% | 0.86% | 3.84% |
| Jun' 20 | 1.30% | 1.03% | 0.43% | 0.43% | 3.20% |
| Sep' 20 | 15.35% | 3.47% | 0.39% | 0.63% | 19.83% |
| Dec' 20 | 7.50% | 4.73% | 3.49% | 4.96% | 20.68% |
| Mar' 21 | 4.55% | 2.90% | 2.01% | 4.12% | 13.59% |

- 1-179 ਦਿਨਾਂ ਦੀ ਬਕਾਇਆ ਡੀਲੀਕੁਐਂਸੀ ਦਸੰਬਰ 2020 ਵਿੱਚ 20.68% ਤੋਂ ਘੱਟ ਕੇ ਮਾਰਚ 2021 ਵਿੱਚ 13.59% ਰਹਿ ਗਈ ਹੈ।
- ਦਸੰਬਰ 2020 ਦੇ ਮੁਕਾਬਲੇ 1-29 ਦਿਨਾਂ ਦੀ ਬਕਾਇਆ ਡੀਲੀਕੁਐਂਸੀ ਬਕੇਟ ਵਿੱਚ 3% ਦੀ ਗਿਰਾਵਟ ਆਈ ਹੈ।
- 60-89 ਦਿਨਾਂ ਦੀ ਬਕਾਇਆ ਡੀਲੀਕੁਐਂਸੀ ਬਕੇਟ ਨੇ ਮਾਰਚ 2021 ਵਿੱਚ ਸਭ ਤੋਂ ਘੱਟ ਡੀਲੀਕੁਐਂਸੀ ਵੇਖੀ ਹੈ।

ਨੋਟ: ਡੀਲੀਕੁਐਂਸੀ ਦੀ ਗਣਨਾ ਪੀਓਐੱਸ ਦੇ ਅਧਾਰ 'ਤੇ ਕੀਤੀ ਜਾਂਦੀ ਹੈ।

# ਭੂਗੋਲਿਕ ਐਕਸਪੋਜ਼ਰ



Powering the World with knowledge ™

# ਚੋਟੀ ਦੇ 10 ਰਾਜਾਂ ਦੇ ਪੋਰਟਫੋਲੀਓ ਰੁਝਾਨ

| Top 10 States | Mar' 20 Portfolio Outstanding (`crore) | Rank | Mar' 21 Portfolio Outstanding (`crore) | Rank | Y-o-Y Growth % |
|---|---|---|---|---|---|
| ਪੱਛਮੀ ਬੰਗਾਲ | 29,858 | 1 | 37,201 | 1 | 25% |
| ਤਮਿਲਨਾਡੂ | 27,077 | 2 | 31,248 | 2 | 15% |
| ਬਿਹਾਰ | 25,427 | 3 | 28,997 | 3 | 14% |
| ਕਰਨਾਟਕ | 17,594 | 4 | 20,330 | 4 | 16% |
| ਮਹਾਰਾਸ਼ਟਰ | 15,352 | 5 | 17,224 | 6 | 12% |
| ਉੱਤਰ ਪ੍ਰਦੇਸ਼ | 14,478 | 6 | 18,011 | 5 | 24% |
| ਓਡੀਸ਼ਾ | 12,489 | 7 | 14,178 | 8 | 14% |
| ਮੱਧ ਪ੍ਰਦੇਸ਼ | 12,354 | 8 | 15,006 | 7 | 21% |
| ਅਸਾਮ | 11,025 | 9 | 10,498 | 10 | -5% |
| ਰਾਜਸਥਾਨ | 8,590 | 10 | 11,085 | 9 | 29% |
| ਚੋਟੀ ਦੇ 10 ਰਾਜ | 174,244 | - | 203,778 | - | 17% |
| ਹੋਰ | 37,605 | - | 45,499 | - | 21% |
| ਉਦਯੋਗ | 211,849 | - | 249,277 | - | 18% |

- ਮਾਰਚ 2020 ਅਤੇ ਮਾਰਚ 2021 ਵਿੱਚ ਪੀਓਐੱਸ ਵਿੱਚ ਚੋਟੀ ਦੇ 10 ਰਾਜਾਂ ਦਾ 80% ਤੋਂ ਵੱਧ ਯੋਗਦਾਨ ਹੈ।
- ਪੱਛਮੀ ਬੰਗਾਲ ਸਭ ਤੋਂ ਵੱਧ ਪੀਓਐੱਸ ਦੇ ਨਾਲ ਚੋਟੀ 'ਤੇ ਹੈ, ਇਸਦੀ 25% ਸਾਲ ਦਰ ਸਾਲ ਵਾਧਾ ਦਰ ਹੈ ਜੋ ਕਿ ਉਦਯੋਗ ਦੇ 18% ਦੇ ਵਾਧੇ ਨਾਲੋਂ ਵੀ ਵੱਧ ਹੈ, ਮਹਾਰਾਸ਼ਟਰ
- ਮਾਰਚ 2020 ਦੇ 5 ਵੇਂ ਸਥਾਨ ਤੋਂ ਮਾਰਚ 2021 ਵਿੱਚ 6 ਵੇਂ ਸਥਾਨ 'ਤੇ ਆ ਗਿਆ ਹੈ।

ਨੋਟ: ਚੋਟੀ ਦੇ **10** ਰਾਜਾਂ ਦੀ ਚੋਣ ਦਾ ਆਧਾਰ ਮਾਰਚ **2020** ਦਾ ਪੀਓਐੱਸ ਹੈ।

Ranks assigned basis POS

# ਚੋਟੀ ਦੇ 10 ਰਾਜਾਂ ਦੇ 90+ ਡੀਲੀਕੁਐਂਸੀ ਰੁਝਾਨ




- ਕਰਨਾਟਕ ਨੂੰ ਛੱਡ ਕੇ, ਮਾਰਚ 2021 ਤੱਕ, ਅਸਾਮ, ਪੱਛਮੀ ਬੰਗਾਲ ਅਤੇ ਮਹਾਰਾਸ਼ਟਰ ਦੀ 90+ ਡੀਲੀਕੁਐਂਸੀ ਸਮੁੱਚੇ ਉਦਯੋਗ ਦੀ ਡੀਲੀਕੁਐਂਸੀ ਨਾਲੋਂ ਵੱਧ ਸੀ। ਸਾਰੇ
- ਚੋਟੀ ਦੇ ਰਾਜਾਂ ਦੀ 90+ ਡੀਲੀਕੁਐਂਸੀ ਮਾਰਚ 2020 ਦੇ ਮੁਕਾਬਲੇ ਮਾਰਚ 2021 ਵਿੱਚ ਵਧੇ ਹਨ।

ਨੋਟ:* ਚੋਟੀ ਦੇ **10** ਰਾਜਾਂ ਦੀ ਚੋਣ ਦਾ ਆਧਾਰ ਮਾਰਚ **2020** ਦਾ ਪੀਓਐੱਸ ਹੈ।

Delinquencies calculated basis POS.

# ਕਰਨਾਟਕ ਦਾ ਵਿਆਪਕ ਰਾਜ ਪ੍ਰੋਫਾਈਲ



# ਕਰਨਾਟਕ ਰਾਜ ਦ੍ਰਿਸ਼




| 31 ਮਾਰਚ 2021 ਨੂੰ ਕਰਨਾਟਕ | ਬੈਂਕਾਂ | ਐੱਸਐੱਫ਼ਬੀ | ਐੱਨਬੀਐੱਫ਼ਸੀ – ਐੱਮਐੱਫ਼ਆਈ | ਐੱਨਬੀਐੱਫ਼ਸੀ | ਮੁਨਾਫ਼ਾ ਰਹਿਤ ਐੱਮਐੱਫ਼ਆਈ | ਕੁੱਲ ਉਦਯੋਗ |
|---|---|---|---|---|---|---|
| ਐਕਟਿਵ ਲੋਨ ('000) | 2,612 | 1,351 | 3,844 | 868 | 1 | 8,676 |
| ਪੋਰਟਫੋਲੀਓ ਬਕਾਇਆ (`ਕਰੋੜ) | 5,455 | 3,059 | 9,734 | 2,078 | 4 | 20,330 |
| ਪੋਰਟਫੋਲੀਓ ਬਕਾਏ ਵਿੱਚ ਮਾਰਕਿਟ ਸ਼ੇਅਰ | 27% | 15% | 48% | 10% | 0% | - |
| ਵੰਡੀ ਗਈ ਰਕਮ ('ਕਰੋੜ) - ਜੇਐੱਫ਼ਐੱਮ '21 | 2,532 | 914 | 3,584 | 524 | 1 | 7,555 |
| ਔਸਤ ਟਿਕਟ ਦਾ ਆਕਾਰ (`) – ਜੇਐੱਫ਼ਐੱਮ '21 | 33,933 | 37,389 | 38,315 | 41,603 | 44,856 | 36,814 |
| 30+ ਡੀਲੀਕੁਐਂਸੀ (ਪੀਓਐੱਸ) | 3.48% | 5.71% | 3.02% | 6.29% | 1.77% | 3.88% |
| 90+ ਡੀਲੀਕੁਐਂਸੀ (ਪੀਓਐੱਸ) | 0.87% | 2.71% | 1.72% | 2.62% | 0.49% | 1.73% |

- 31 ਮਾਰਚ 2021 ਨੂੰ ਕਰਨਾਟਕ ਦਾ ਪੋਰਟਫੋਲੀਓ ਬਕਾਇਆ 20,330 ਕਰੋੜ ਰੁਪਏ ਸੀ।
- ਜੇਐੱਫ਼ਐੱਮ '21 ਦੇ ਦੌਰਾਨ ਕਰਨਾਟਕ ਵਿੱਚ 7,555 ਕਰੋੜ ਰੁਪਏ ਦੇ ਬਕਾਇਆ ਕਰਜ਼ਿਆਂ ਵਿੱਚ ਐੱਨਬੀਐੱਫ਼ਸੀ – ਐੱਮਐੱਫ਼ਆਈ ਦਾ ਪੋਰਟਫੋਲੀਓ ਬਕਾਏ ਵਿੱਚ 48% ਦਾ ਸਭ ਤੋਂ ਵੱਧ ਮਾਰਕਿਟ ਸ਼ੇਅਰ ਹੈ।
- ਐੱਨਬੀਐੱਫ਼ਸੀ, ਐੱਨਬੀਐੱਫ਼ਸੀ - ਐੱਮਐੱਫ਼ਆਈ, ਐੱਸਐੱਫ਼ਬੀ ਅਤੇ ਮੁਨਾਫ਼ਾ ਰਹਿਤ ਐੱਮਐੱਫ਼ਆਈ ਦੇ ਏਟੀਐੱਸ ਕਰਨਾਟਕ ਬੈਂਕਾਂ ਦੇ ਏਟੀਐੱਸ ਨਾਲੋਂ ਵੱਧ ਹਨ
- ਅਤੇ ਕਰਨਾਟਕ ਵਿੱਚ ਮੁਨਾਫ਼ਾ ਰਹਿਤ ਐੱਮਐੱਫ਼ਆਈ ਦੀ 90+ ਡੀਲੀਕੁਐਂਸੀ 1% ਤੋਂ ਘੱਟ ਹੈ।

# ਕਰਨਾਟਕ ਵਿੱਚ ਵੰਡ ਦੇ ਰੁਝਾਨ

ਵੰਡੇ ਗਏ ਕਰਜ਼ਿਆਂ ਦੀ ਸੰਖਿਆ ('000 ਵਿੱਚ)

| Ticket Size | JFM' 20 | AMJ' 20 | JAS' 20 | OND' 20 | JFM' 21 |
|---|---|---|---|---|---|
| 0K-10K | 253 | 21 | 94 | 232 | 185 |
| 10k-20k | 231 | 94 | 188 | 159 | 193 |
| 20k-30k | 375 | 10 | 137 | 267 | 347 |
| 30k-40k | 480 | 16 | 200 | 398 | 496 |
| 40k-50k | 272 | 9 | 152 | 242 | 326 |
| 50k-60k | 135 | 6 | 82 | 173 | 226 |
| 60k Plus | 83 | 4 | 98 | 236 | 278 |
| Total | 1,829 | 160 | 951 | 1,707 | 2,051 |

- ਜੇਐੱਫ਼ਐੱਮ '20 ਤੋਂ ਜੇਐੱਫ਼ਐੱਮ '21 ਤੱਕ ਕਰਨਾਟਕ ਰਾਜ ਵਿੱਚ ਲੋਨ ਸੋਰਸਿੰਗ ਵਿੱਚ 12% ਦਾ ਸਾਲ ਦਰ ਸਾਲ ਵਾਧਾ ਹੋਇਆ ਹੈ।
- ਏਐੱਮਜੇ '20 ਨੂੰ ਛੱਡ ਕੇ, ਸਾਰੀਆਂ ਤਿਮਾਹੀਆਂ ਵਿੱਚ 30k-40k ਟਿਕਟ ਸਾਈਜ਼ ਸ਼੍ਰੇਣੀ ਵਿੱਚ ਸਭ ਤੋਂ ਵੱਧ ਲੋਨ ਵੰਡੇ ਗਏ ਹਨ।

# ਕਰਨਾਟਕ ਪੋਰਟਫੋਲੀਓ ਰੁਝਾਨ




ਮਾਰਚ 2020 ਤੋਂ ਮਾਰਚ 2021 ਤੱਕ ਕਰਨਾਟਕ ਦਾ ਬਕਾਇਆ ਪੋਰਟਫੋਲੀਓ 16% ਵਧਿਆ ਹੈ।

ਸਾਰੀਆਂ ਤਿਮਾਹੀਆਂ ਵਿੱਚ, ਬਕਾਇਆ ਪੋਰਟਫੋਲੀਓ ਵਿੱਚ ਸਭ ਤੋਂ ਵੱਧ ਮਾਰਕਿਟ ਸ਼ੇਅਰ ਐੱਨਬੀਐੱਫ਼ਸੀ-ਐੱਮਐੱਫ਼ਆਈ ਦਾ ਹੈ, ਉਸਤੋਂ ਬਾਅਦ ਬੈਂਕਾਂ ਦਾ ਸ਼ੇਅਰ ਹੈ। ਬੈਂਕਾਂ ਦਾ ਮਾਰਕਿਟ ਸ਼ੇਅਰ ਵਧ ਰਿਹਾ ਹੈ। ਇਹ ਮਾਰਚ 2020 ਵਿੱਚ 20% ਤੋਂ ਵਧ ਕੇ ਮਾਰਚ 2021 ਵਿੱਚ 27% ਹੋ ਗਿਆ।

# ਕਰਨਾਟਕ ਡੀਲੀਕੁਐਂਸੀ ਰੁਝਾਨ




- ਮਾਰਚ 2020 ਦੇ ਮੁਕਾਬਲੇ ਮਾਰਚ 2021 ਵਿੱਚ ਕਰਨਾਟਕ ਦੀ ਕੁੱਲ 90+ ਡੀਲੀਕੁਐਂਸੀ ਵਿੱਚ ਸੁਧਾਰ ਹੋਇਆ ਹੈ। ਇਹ ਮਾਰਚ 2020 ਵਿੱਚ 2.41% ਤੋਂ ਘੱਟ ਕੇ ਮਾਰਚ 2021 ਵਿੱਚ 1.73% ਰਹਿ ਗਿਆ ਹੈ।
- ਬੈਂਕਾਂ ਲਈ 90+ ਡੀਲੀਕੁਐਂਸੀ ਮਾਰਚ 2021 ਵਿੱਚ ਘੱਟ ਕੇ 0.87% ਰਹਿ ਗਿਆ ਹੈ ਜੋ ਕਿ ਮਾਰਚ 2020 ਵਿੱਚ 3.14% ਸੀ।

ਨੋਟ: ਡੀਲੀਕੁਐਂਸੀ ਦੀ ਗਣਨਾ ਪੀਓਐੱਸ ਦੇ ਅਧਾਰ 'ਤੇ ਕੀਤੀ ਜਾਂਦੀ ਹੈ।

# ਅਭਿਲਾਸ਼ੀ ਜ਼ਿਲ੍ਹੇ



# ਅਭਿਲਾਸ਼ੀ ਜ਼ਿਲ੍ਹੇ

**ਮਾਰਚ 2021 ਸੰਖੇਪ ਜਾਣਕਾਰੀ**

ਪੋਰਟਫੋਲੀਓ (`ਕਰੋੜ)




ਵੰਡੀ ਗਈ ਰਕਮ ('ਕਰੋੜ) - ਅਪ੍ਰੈਲ '20 ਤੋਂ ਮਾਰਚ '21




## 30+ and 90+ POS Delinquency lender category wise




| ਅਭਿਲਾਸ਼ੀ ਜ਼ਿਲ੍ਹਿਆਂ ਦੇ ਵਾਧੇ ਦੇ ਵੇਰਵੇ | ਦਸੰਬਰ 2017 | ਮਾਰਚ 2021 | ਵਾਧਾ % |
|---|---|---|---|
| Active Customer Penetration ('000) | 4,155 | 8,544 | 106% |
| Disbursement Amount (`crore) | 14,374 * | 27,397 ** | 91% |
| Active Loans ('000) | 6,925 | 13,681 | 98% |
| Portfolio Outstanding (`crore) | 11,175 | 31,856 | 185% |
| 30+ Delinquency | 1.54% | 7.68% | - |
| 90+ Delinquency | 0.75% | 3.32% | - |

- 31 ਮਾਰਚ, 2021 ਨੂੰ ਅਭਿਲਾਸ਼ੀ ਜ਼ਿਲ੍ਹਿਆਂ ਦਾ ਬਕਾਇਆ ਪੋਰਟਫੋਲੀਓ `31,856 ਕਰੋੜ ਸੀ, ਜਿਸ ਵਿੱਚ ਬੈਂਕਾਂ ਦਾ ਹਿੱਸਾ 43% ਹੈ ਅਤੇ ਐੱਨਬੀਐੱਫਸੀ – ਐੱਮਐੱਫਆਈ ਦਾ ਹਿੱਸਾ 35% ਹੈ।

ਐੱਨ ਬੀਐੱਫਸੀ ਦੀ 30+ ਅਤੇ 90+ ਦੀ ਡੀਲੀਕੁਐਂਸੀ ਸਭ ਤੋਂ ਵੱਧ ਹੈ, ਇਸਦੇ ਬਾਅਦ ਬੈਂਕਾਂ ਦੇ ਪੀਓਐੱਸ ਵਿੱਚ 185% ਦਾ ਵਾਧਾ ਹੋਇਆ ਹੈ ਅਤੇ ਦਸੰਬਰ 2017 ਤੋਂ ਮਾਰਚ 2021 ਤੱਕ ਵੰਡ ਗਈ ਰਕਮ 91% ਵਧੀ ਹੈ।

**Note:** *Disbursement January 2017 to December 2017 / ** Disbursement April 2020 to March 2021.
Delinquencies are calculated basis POS.

EQUIFAX sidbi

# ਕੋਵਿਡ-19 ਅਤੇ ਜੀਓ ਰੁਝਾਨ



# ਜ਼ੋਨ ਅਨੁਸਾਰ ਮਾਰਕਿਟ ਸ਼ੇਅਰ

ਮਾਈਕ੍ਰੋ-ਫਾਈਨਾਂਸ ਸੈਕਟਰ ’ਤੇ ਕੋਵਿਡ-19 ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਲਈ, ਕਰਜ਼ਾ ਦੇਣ ਵਾਲਿਆਂ ਦੇ ਮਾਰਕੀਟ ਸ਼ੇਅਰ ਦੇ ਰੂਪ ਵਿੱਚ ਜ਼ੋਨਾਂ ਵਿੱਚ ਵੰਡ ਦੇ ਰੁਝਾਨਾਂ ਅਤੇ ਵੱਖੋ-ਵੱਖਰੇ ਜ਼ੋਨਾਂ ਵਿੱਚ ਔਸਤ ਟਿਕਟਾਂ ਦੇ ਆਕਾਰ ਦੇ ਰੁਝਾਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਕਰਜ਼ਾ ਦੇਣ ਵਾਲਿਆਂ ਦੁਆਰਾ ਅੰਕੜਾ ਜਮ੍ਹਾਂ ਕਰਨ ਦੇ ਅਧਾਰ ’ਤੇ ਜ਼ੋਨਾਂ ਨੂੰ ਨਿਰਧਾਰਤ ਕੀਤਾ ਗਿਆ ਹੈ। ਜੇਐੱਫ਼ਐੱਮ ’20 ਨੂੰ ਕੋਵਿਡ ਦੀ ਮਿਆਦ ਤੋਂ ਪਹਿਲਾਂ ਮੰਨਦੇ ਹੋਏ, ਅੰਕੜੇ ਦੀ ਤੁਲਨਾ ਸਾਲ ਦਰ ਸਾਲ ਦੇ ਅਧਾਰ ’ਤੇ ਕੀਤੀ ਗਈ ਹੈ।

**ਜ਼ੋਨ ਅਨੁਸਾਰ ਮਾਰਕੀਟ ਸ਼ੇਅਰ ਦੇ ਆਧਾਰ ’ਤੇ ਵੰਡੀ ਗਈ ਰਕਮ**




- ਵੰਡੀ ਗਈ ਰਕਮ ਵਿੱਚ ਸਭ ਤੋਂ ਵੱਧ ਯੋਗਦਾਨ ਪੂਰਬੀ ਜ਼ੋਨ ਦਾ ਹੈ ਜੋ ਕੁੱਲ ਵੰਡੀ ਗਈ ਰਕਮ ਦਾ ਲਗਭਗ 45% ਹੈ।
- ਉੱਤਰੀ ਜ਼ੋਨ ਵਿੱਚ 1% ਵਾਧੇ ਅਤੇ ਦੱਖਣੀ ਜ਼ੋਨ ਵਿੱਚ 1% ਦੇ ਘਾਟੇ ਨਾਲ, ਜ਼ੋਨ ਅਨੁਸਾਰ ਮਾਰਕੀਟ ਸ਼ੇਅਰ ਦੇ ਸਮੁੱਚੇ ਰੁਝਾਨ ਜੇਐੱਫ਼ਐੱਮ ’20 ਦੇ ਬਰਾਬਰ ਹਨ।

ਨੋਟ: ਪੂਰਬੀ ਜ਼ੋਨ - ਅਰੁਣਾਚਲ ਪ੍ਰਦੇਸ਼, ਅਸਾਮ, ਬਿਹਾਰ, ਛੱਤੀਸਗੜ੍ਹ, ਝਾਰਖੰਡ, ਮਣੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਉੜੀਸਾ, ਸਿੱਕਮ, ਤ੍ਰਿਪੁਰਾ ਅਤੇ ਪੱਛਮੀ ਬੰਗਾਲ।
ਪੱਛਮੀ ਜ਼ੋਨ - ਦਾਦਰ ਅਤੇ ਨਗਰ ਹਵੇਲੀ, ਦਮਨ ਅਤੇ ਦੀਉ, ਗੋਆ, ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ।
ਉੱਤਰੀ ਜ਼ੋਨ - ਚੰਡੀਗੜ੍ਹ, ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਪੰਜਾਬ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ।
ਦੱਖਣੀ ਜ਼ੋਨ - ਅੰਡੇਮਾਨ ਅਤੇ ਨਿਕੋਬਾਰ ਟਾਪੂ, ਆਂਧਰ ਪ੍ਰਦੇਸ਼, ਕਰਨਾਟਕ, ਕੇਰਲ, ਲਕਸ਼ਦੀਪ, ਪੁਦੂਚੇਰੀ, ਤਮਿਲਨਾਡੂ ਅਤੇ ਤੇਲੰਗਾਨਾ।

# ਜ਼ੋਨ ਅਤੇ ਕਰਜ਼ਾ ਦੇਣ ਵਾਲੇ ਦੇ ਅਨੁਸਾਰ ਮਾਰਕੀਟ ਸ਼ੇਅਰ

ਜ਼ੋਨ ਅਤੇ ਕਰਜ਼ਾ ਦੇਣ ਵਾਲੇ ਦੇ ਅਨੁਸਾਰ ਮਾਰਕੀਟ ਸ਼ੇਅਰ ਦੇ ਆਧਾਰ 'ਤੇ ਵੰਡੀ ਗਈ ਰਕਮ




- ਉੱਤਰੀ ਜ਼ੋਨ ਵਿੱਚ ਸਭ ਤੋਂ ਵੱਧ 7% ਦੇ ਵਾਧੇ ਦੇ ਨਾਲ, ਸਾਰੇ ਜ਼ੋਨਾਂ ਵਿੱਚ ਮਾਰਚ 2020 ਤੋਂ ਮਾਰਚ 2021 ਤੱਕ ਬੈਂਕਾਂ ਦਾ ਮਾਰਕਿਟ ਸ਼ੇਅਰ ਵਧੀਆ ਹੈ।
- ਬੈਂਕਾਂ ਤੋਂ ਇਲਾਵਾ, ਸਿਰਫ ਦੱਖਣੀ ਜ਼ੋਨ ਵਿੱਚ, ਸਿਰਫ ਐੱਨਬੀਐੱਫ਼ਸੀ – ਐੱਮਐੱਫ਼ਆਈ ਹੀ ਮਾਰਕਿਟ ਸ਼ੇਅਰ ਵਿੱਚ ਵਾਧਾ ਦਰਜ ਕਰ ਸਕੇ ਹਨ।

# ਜ਼ੋਨ ਅਨੁਸਾਰ ਐਸਤ ਟਿਕਟ ਆਕਾਰ ਦੇ ਰੁਝਾਨ

ਜ਼ੋਨ ਅਨੁਸਾਰ ਐਸਤ ਟਿਕਟ ਆਕਾਰ ਦੇ ਰੁਝਾਨ




- ਦੱਖਣੀ ਜ਼ੋਨ ਵਿੱਚ ਜੇਐੱਫ਼ਐੱਮ '20 ਤੋਂ ਜੇਐੱਫ਼ਐੱਮ '21 ਤੱਕ 13% ਦਾ ਸਭ ਤੋਂ ਵੱਧ ਸਾਲ ਦਰ ਸਾਲ ਦਾ ਵਾਧਾ
- ਹੋਇਆ ਹੈ। ਜੇਐੱਫ਼ਐੱਮ '20 ਤੋਂ ਜੇਐੱਫ਼ਐੱਮ '21 ਤੱਕ ਪੱਛਮੀ ਅਤੇ ਉੱਤਰੀ ਜ਼ੋਨ ਦੇ ਏਟੀਐੱਸ ਵਿੱਚ 13% ਦਾ ਵਾਧਾ ਹੋਇਆ ਹੈ।

## ਸਿਡਬੀ ਬਾਰੇ

ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ਼ ਇੰਡੀਆ (ਸਿਡਬੀ) ਦੀ ਸਥਾਪਨਾ ਸੰਸਦ ਦੇ ਇੱਕ ਐਕਟ ਦੇ ਅਧੀਨ 1990 ਵਿੱਚ ਕੀਤੀ ਗਈ ਸੀ। ਸਿਡਬੀ ਨੂੰ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ ਖੇਤਰ) ਦੇ ਪ੍ਰਮੋਸ਼ਨ, ਵਿੱਤ ਅਤੇ ਵਿਕਾਸ ਦੇ ਤੀਹਰੇ ਏਜੰਡੇ ਨੂੰ ਲਾਗੂ ਕਰਨ ਲਈ ਪ੍ਰਮੁੱਖ ਵਿੱਤੀ ਸੰਸਥਾ ਵਜੋਂ ਕੰਮ ਕਰਨ ਅਤੇ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਵੱਖ-ਵੱਖ ਸੰਸਥਾਵਾਂ ਦੇ ਕਾਰਜਾਂ ਵਿਚਕਾਰ ਤਾਲਮੇਲ ਬਣਾਈ ਰੱਖਣ ਦਾ ਹੁਕਮ ਦਿੱਤਾ ਗਿਆ ਹੈ। ਸਾਲਾਂ ਦੌਰਾਨ, ਆਪਣੇ ਵੱਖ-ਵੱਖ ਵਿੱਤੀ ਅਤੇ ਵਿਕਾਸ ਦੇ ਉਪਾਵਾਂ ਦੁਆਰਾ, ਬੈਂਕ ਨੇ ਸਮਾਜ ਦੇ ਵੱਖ-ਵੱਖ ਸਮੂਹਾਂ ਦੇ ਲੋਕਾਂ ਦੀ ਜ਼ਿੰਦਗੀ ਨੂੰ ਛੂਹਿਆ ਹੈ, ਪੂਰੇ ਐੱਮਐੱਸਐੱਮਈ ਖੇਤਰ ਵਿੱਚ ਉੱਦਮਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਐੱਮਐੱਸਐੱਮਈ ਦੇ ਈਕੋ ਸਿਸਟਮ ਵਿੱਚ ਕਈ ਭਰੋਸੇਮੰਦ ਸੰਸਥਾਵਾਂ ਨਾਲ ਇਕਜੁੱਟਤਾ ਬਣਾਈ ਹੈ।

ਵਿਜ਼ਨ 2.0 ਦੇ ਤਹਿਤ, ਸਿਡਬੀ ਨੇ ਐੱਮਐੱਸਐੱਮਈ ਖੇਤਰ ਵਿੱਚ ਜਾਣਕਾਰੀ ਦੇ ਬੇਤਰਤੀਬੇਪਣ ਨੂੰ ਸੰਬੋਧਿਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਦੀ ਅਗਵਾਈ ਕੀਤੀ ਹੈ ਜਿਨ੍ਹਾਂ ਵਿੱਚ ਮਾਈਕਰੋਫਾਈਨਾਂਸ ਪਲਸ ਤੋਂ ਇਲਾਵਾ, ਐੱਮਐੱਸਈ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਦਾ ਅੰਦਾਜ਼ਾ ਲਗਾਉਣ ਲਈ ਐੱਮਐੱਸਐੱਮਈ ਅਤੇ ਕ੍ਰੀਸਿਡੈਕਸ ਦਾ ਹੈਲਥ ਟ੍ਰੈਕਰ - ਐੱਮਐੱਸਐੱਮਈ ਪਲਸ, ਉਦਯੋਗ ਖੇਤਰ ਉੱਤੇ ਢੁੱਕਵੀਂ ਰਿਪੋਰਟ ਦੇ ਲਈ - ਇੰਡਸਟਰੀ ਸਪਾਟਲਾਈਟ ਅਤੇ ਫਿਨਟੈਕ ਲੈਂਡਿੰਗ ਸੈਗਮੈਂਟ ਉੱਤੇ ਕ੍ਰੈਡਿਟ ਡਾਟਾ ਇਨਸਾਇਟ ਦੇ ਲਈ ਫਿਨਟੈਕ ਪਲਸ ਸ਼ਾਮਲ ਹਨ।

## ਮਾਈਕ੍ਰੋਫਾਈਨਾਂਸ ਸਪੇਸ ਵਿੱਚ ਸਿਡਬੀ

ਸਿਡਬੀ ਨੇ ਮਾਈਕ੍ਰੋਫਾਈਨਾਂਸ ਲਹਿਰ ਨੂੰ ਸਮਰਥਨ ਦੇ ਕੇ ਸਮਾਵੇਸ਼ੀ ਵਿੱਤ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। 31 ਮਾਰਚ, 2021 ਤੱਕ ਬੈਂਕ ਦੁਆਰਾ ਸੂਖਮ ਵਿੱਤੀ ਪਹਿਲਕਦਮੀਆਂ ਦੇ ਤਹਿਤ ਵੰਡੀ ਗਈ ਸੰਚਿਤ ਸਹਾਇਤਾ ਕੁੱਲ 20,568 ਕਰੋੜ ਰੁਪਏ ਹੈ, ਜਿਸ ਨਾਲ ਲਗਭਗ 4 ਕਰੋੜ ਇਕਾਈਆਂ ਨੂੰ ਲਾਭ ਹੋਇਆ ਹੈ।

ਐੱਮਐੱਫਆਈ ਨੂੰ ਕਰਜ਼ਾ ਅਤੇ ਇਕੁਈਟੀ ਸਹਾਇਤਾ, ਇਨ੍ਹਾਂ ਸੰਸਥਾਵਾਂ ਦੀ ਸਮਰੱਥਾ ਵਧਾਉਣ ਲਈ ਦਿੱਤੀ ਜਾਂਦੀ ਹੈ ਅਤੇ ਕਾਰਪੋਰੇਟ ਗਵਰਨੈਂਸ ਕਲਚਰ ਨੂੰ ਅਪਨਾਉਣ ਲਈ ਕੰਪਲਾਇੰਸ ਅਸੈਸਮੈਂਟ ਟੂਲਜ਼ ਆਦਿ ਰਾਹੀਂ ਸਹਾਇਤਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮਾਈਕ੍ਰੋਫਾਈਨਾਂਸ ਉਦਯੋਗ ਨੂੰ ਨਾਜ਼ੁਕ ਸ਼ੁਰੂਆਤ ਤੋਂ ਇੱਕ ਸੰਪੂਰਣ ਉਦਯੋਗ ਤੱਕ ਸੰਭਾਲਣ ਤੋਂ ਇਲਾਵਾ, ਸਾਡੇ ਐੱਮਐੱਫਆਈ ਦੇ 8 ਹਿੱਸੇਦਾਰਾਂ ਨੂੰ ਐੱਸਐੱਫਬੀ/ ਯੂਨੀਵਰਸਲ ਬੈਂਕਾਂ ਵਿੱਚ ਤਬਦੀਲ ਕਰਨਾ ਵੀ ਸਿਡਬੀ ਦਾ ਕੰਮ ਹੈ। ਸਿਡਬੀ (ਭਾਈਵਾਲੀ ਪ੍ਰਬੰਧਾਂ ਰਾਹੀਂ) ਤੋਂ ਸਿੱਧੇ ਤੌਰ ’ਤੇ ਮਾਰਕੀਟ ਦੀਆਂ ਦਰਾਂ ਨਾਲੋਂ ਕਾਫ਼ੀ ਘੱਟ ਵਿਆਜ ਦਰਾਂ ’ਤੇ ਛੋਟੇ ਕਰਜ਼ੇ ਉਪਲਬਧ ਕਰਾਉਣਾ ਮਾਇਕ੍ਰੋ ਲੈਂਡਿੰਗ ਦੀ ਇੱਕ ਨਵੀਂ ਪਹਿਲ ਹੈ। ਪ੍ਰਯਾਸ ਸਿਰਲੇਖ ਵਾਲੀ ਇਸ ਪਹਿਲਕਦਮੀ ਤਹਿਤ, ਬੈਂਕ ਵੱਲੋਂ ਪਿਰਾਮਿਡ ਦੇ ਸਭ ਤੋਂ ਹੇਠਾਂ ਵਾਲੇ ਛੋਟੇ ਕਰਜ਼ਦਾਰਾਂ ਨੂੰ 50000 ਰੁਪਏ ਤੋਂ ਲੈ ਕੇ 5 ਲੱਖ ਰੁਪਏ ਤੱਕ ਦੇ ਛੋਟੀਆਂ ਟਿਕਟਾਂ ਦੇ ਆਕਾਰ ਦੇ ਕਰਜ਼ੇ ਵੰਡੇ ਗਏ ਹਨ ਜਿਨ੍ਹਾਂ ਨੂੰ ਭਾਈਵਾਲੀ ਮਾਡਲ ਦੇ ਤਹਿਤ ਬਾਜ਼ਾਰ ਦੀਆਂ ਦਰਾਂ ਨਾਲੋਂ ਤੁਲਨਾਤਮਕ ਘੱਟ ਵਿਆਜ ਦਰਾਂ ’ਤੇ ਦਿੱਤਾ ਗਿਆ ਹੈ।

## ਇਕੁਇਫੈਕਸ ਬਾਰੇ

ਇਕੁਇਫੈਕਸ ਇੱਕ ਗਲੋਬਲ ਇਨਫਾਰਮੇਸ਼ਨ ਸੋਲਿਊਸ਼ਨ ਕੰਪਨੀ ਹੈ ਜੋ ਵਿਸ਼ਵ ਭਰ ਦੇ ਸੰਗਠਨਾਂ ਅਤੇ ਵਿਅਕਤੀਆਂ ਲਈ ਭਰੋਸੇਯੋਗ ਵਿਲੱਖਣ ਅੰਕੜੇ, ਨਵੀਨਤਕਾਰੀ ਵਿਸ਼ਲੇਸ਼ਣ, ਤਕਨਾਲੋਜੀ ਅਤੇ ਉਦਯੋਗਿਕ ਮੁਹਾਰਤ ਦੀ ਵਰਤੋਂ ਨਾਲ ਗਿਆਨ ਨੂੰ ਸੂਝ ਵਿੱਚ ਬਦਲਣ ਦੀ ਤਾਕਤ ਦਿੰਦੀ ਹੈ ਜਿਸ ਨਾਲ ਵਧੇਰੇ ਜਾਣਕਾਰੀ ਵਾਲੇ ਕਾਰੋਬਾਰ ਅਤੇ ਵਿਅਕਤੀਗਤ ਫੈਸਲੇ ਲੈਣ ਵਿੱਚ ਸਹਾਇਤਾ ਹੁੰਦੀ ਹੈ।

ਐਟਲਾਂਟਾ, ਗਾ, ਵਿਖੇ ਇਕੁਇਫੈਕਸ ਦਾ ਮੁੱਖ ਦਫ਼ਤਰ ਹੈ, ਜੋ ਉੱਤਰੀ ਅਮਰੀਕਾ, ਮੱਧ ਅਤੇ ਦੱਖਣੀ ਅਮਰੀਕਾ, ਯੂਰਪ ਅਤੇ ਏਸ਼ੀਆ ਪ੍ਰਸ਼ਾਂਤ ਖੇਤਰ ਦੇ 24 ਦੇਸ਼ਾਂ ਵਿੱਚ ਕੰਮ ਕਰਦੀ ਹੈ ਜਾਂ ਉੱਥੇ ਇਸਦਾ ਨਿਵੇਸ਼ ਹੈ। ਇਹ ਸਟੈਂਡਰਡ ਐਂਡ ਪੂਅਰਜ਼ (ਐੱਸ ਐਂਡ ਪੀ) 500® ਇੰਡੈਕਸ ਦਾ ਮੈਂਬਰ ਹੈ ਅਤੇ ਨਿਊ ਯਾਰਕ ਸਟਾਕ ਐਕਸਚੇਂਜ (ਐੱਨਵਾਈਐੱਸਈ) ਉੱਤੇ ਈਐੱਫਐਕਸ ਦੇ ਪ੍ਰਤੀਕ ਦੇ ਤਹਿਤ ਇਸਦੇ ਕਾਮਨ ਸਟਾਕ ਦਾ ਵਪਾਰ ਕੀਤਾ ਜਾਂਦਾ ਹੈ। ਵਿਸ਼ਵ ਭਰ ਵਿੱਚ ਇਕੁਇਫੈਕਸ ਦੇ ਵਿੱਚ 11,000 ਕਰਮਚਾਰੀ ਨੌਕਰੀ ਕਰਦੇ ਹਨ। ਕ੍ਰੈਡਿਟ ਉਦਯੋਗ ਵਿੱਚ 120 ਸਾਲਾਂ ਤੋਂ ਵੱਧ ਦੀ ਇੱਕ ਵਿਸ਼ਵਵਿਆਪੀ ਵਿਰਾਸਤ ਦੇ ਨਾਲ, 2010 ਵਿੱਚ, ਇਕੁਇਫੈਕਸ ਨੇ ਭਾਰਤ ਦੀ ਮਾਰਕੀਟ ਵਿੱਚ ਇੱਕ ਮੌਜੂਦਗੀ ਸਥਾਪਤ ਕੀਤੀ ਅਤੇ ਸੀਆਈਸੀ ਵਜੋਂ ਕੰਮ ਕਰਨ ਲਈ ਆਰਬੀਆਈ ਦੁਆਰਾ ਲਾਇਸੈਂਸ ਪ੍ਰਾਪਤ ਕੀਤਾ ਸੀ। ਪਿਛਲੇ 9 ਸਾਲਾਂ ਵਿੱਚ, ਕ੍ਰੈਡਿਟ ਬਿਊਰੋ ਦੇ 4000 + ਮੈਂਬਰ ਹੋ ਗਏ ਹਨ ਜਿਸ ਵਿੱਚ ਬੈਂਕ, ਐੱਨਬੀਐੱਫ਼ਸੀ, ਐੱਮਐੱਫਆਈ ਅਤੇ ਬੀਮਾਕਰਤਾ ਸ਼ਾਮਲ ਹਨ। ਇਹ ਮੈਂਬਰ ਲੱਖਾਂ ਭਾਰਤੀ ਉਪਭੋਗਤਾਵਾਂ ਦੀ ਜਨਸੰਖਿਆ ਸੰਬੰਧੀ ਅਤੇ ਮੁੜ ਅਦਾਇਗੀ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ। 2014 ਵਿੱਚ, ਇਕੁਇਫੈਕਸ ਨੇ ਇੱਕ ਵਿਸ਼ਲੇਸ਼ਣ ਫਰਮ ਦੀ ਪ੍ਰਾਪਤੀ ਦੁਆਰਾ ਭਾਰਤ ਵਿੱਚ ਆਪਣੇ ਪੈਰ ਹੋਰ ਪਸਾਰੇ। ਇਕੁਇਫੈਕਸ ਐਨਾਲਿਟਿਕਸ ਪ੍ਰਾਈਵੇਟ ਲਿਮਟਿਡ - ਭਾਰਤ ਵਿੱਚ ਇਕੁਇਫੈਕਸ ਦੀ ਪੂਰੀ ਮਲਕੀਅਤ ਵਾਲੀ ਵਿਸ਼ਲੇਸ਼ਣ ਇਕਾਈ ਹੈ, ਜੋ ਅਨੋਖੇ ਅਨੁਕੂਲਿਤ ਵਿਸ਼ਲੇਸ਼ਣ ਹੱਲ ਪੇਸ਼ ਕਰਦੀ ਹੈ ਜੋ ਕਾਰੋਬਾਰਾਂ ਦੀ ਕਾਰਗੁਜ਼ਾਰੀ ਅਤੇ ਉਪਭੋਗਤਾਵਾਂ ਦੀ ਜ਼ਿੰਦਗੀ ਦੋਹਾਂ ਨੂੰ ਸੰਪੰਨ ਕਰਦੀ ਹੈ।

## ਡਿਸਕਲੇਮਰ

ਮਾਈਕ੍ਰੋਫਾਈਨਾਂਸ ਪਲਸ (ਰਿਪੋਰਟ) ਨੂੰ ਇਕੁਇਫੈਕਸ ਕ੍ਰੈਡਿਟ ਇਨਫਾਰਮੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ (ਇਕੁਇਫੈਕਸ) ਦੁਆਰਾ ਤਿਆਰ ਕੀਤਾ ਗਿਆ ਹੈ। ਰਿਪੋਰਟ ਤੱਕ ਪਹੁੰਚ ਕੇ ਅਤੇ ਇਸਤੇਮਾਲ ਕਰਕੇ, ਯੂਜ਼ਰ ਸਵੀਕਾਰ ਕਰਦਾ ਹੈ ਅਤੇ ਮੰਨਦਾ ਹੈ ਕਿ ਅਜਿਹੀ ਵਰਤੋਂ ਇਸ ਡਿਸਕਲੇਮਰ ਦੇ ਅਧੀਨ ਹੈ। ਇਹ ਰਿਪੋਰਟ ਮਾਰਚ 2021 ਤੱਕ ਮਾਈਕ੍ਰੋਫਾਈਨਾਂਸ ਸੰਸਥਾਵਾਂ, ਜੋ ਇਕੁਇਫੈਕਸ ਦੀਆਂ ਮੈਂਬਰ ਹਨ, ਉਨ੍ਹਾਂ ਦੁਆਰਾ ਉਚਿਤ ਰੂਪ ਵਿੱਚ ਦਿੱਤੀ ਗਈ ਜਾਣਕਾਰੀ ਦੇ ਸੰਗ੍ਰਹਿ ’ਤੇ ਅਧਾਰਤ ਹੈ। ਹਾਲਾਂਕਿ ਇਕੁਇਫੈਕਸ ਨੇ ਰਿਪੋਰਟ ਤਿਆਰ ਕਰਨ ਵਿੱਚ ਢੁੱਕਵੀਂ ਦੇਖਭਾਲ ਅਪਣਾਈ ਹੈ, ਪਰ ਇਹ ਮਾਈਕ੍ਰੋਫਾਈਨਾਂਸ ਸੰਸਥਾਵਾਂ ਦੁਆਰਾ ਦਿੱਤੀ ਗਈ ਗਲਤ ਜਾਂ ਨਾਕਾਫ਼ੀ ਜਾਣਕਾਰੀ ਲਈ ਖੁਦ ਜ਼ੁੰਮੇਵਾਰ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਇਕੁਇਫੈਕਸ ਰਿਪੋਰਟ ਵਿਚਲੀ ਜਾਣਕਾਰੀ ਦੀ ਯੋਗਤਾ ਜਾਂ ਪੂਰਨਤਾ ਦੀ ਗਰੰਟੀ ਨਹੀਂ ਦਿੰਦਾ ਅਤੇ/ ਜਾਂ ਕਿਸੇ ਖਾਸ ਮਕਸਦ ਲਈ ਇਸਦੀ ਅਨੁਕੂਲਤਾ ਲਈ ਨਾ ਹੀ ਇਕੁਇਫੈਕਸ, ਰਿਪੋਰਟ ਤੱਕ ਕਿਸੇ ਪਹੁੰਚ ਜਾਂ ਨਿਰਭਰਤਾ ਲਈ ਜ਼ਿੰਮੇਵਾਰ ਹੈ ਅਤੇ ਸਪੱਸ਼ਟ ਤੌਰ ’ਤੇ ਇਕੁਇਫੈਕਸ ਅਜਿਹੀ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ। ਇਸ ਰਿਪੋਰਟ ਦੀ ਕਿਸੇ ਕਾਰਜ, ਉਤਪਾਦ ਨੂੰ ਮੰਨਣ ਜਾਂ ਨਾ ਮੰਨਣ ਜਾਂ ਸਵੀਕਾਰ ਕਰਨ ਲਈ ਸਿਫਾਰਸ਼ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਇਸ ਰਿਪੋਰਟ ਦੀ ਕਿਸੇ ਸੰਬੰਧਤ ਵਿਅਕਤੀ ਜਾਂ ਇਕਾਈ ਨੂੰ (I) ਕਰਜ਼ਾ ਦੇਣ ਜਾਂ ਨਾ ਦੇਣ ਅਤੇ (ii) ਕਿਸੇ ਵਿੱਤੀ ਲੈਣ-ਦੇਣ ਵਿੱਚ ਦਾਖਲ ਹੋਣ ਜਾਂ ਨਾ ਹੋਣ ਦੇ ਲਈ ਕੋਈ ਸਿਫਾਰਸ਼ ਕੀਤੀ ਜਾਂਦੀ ਹੈ। ਰਿਪੋਰਟ ਵਿਚਲੀ ਜਾਣਕਾਰੀ ਕੋਈ ਸਲਾਹ ਦਾ ਅਧਾਰ ਨਹੀਂ ਰੱਖਦੀ ਅਤੇ ਇਸ ਰਿਪੋਰਟ ਵਿੱਚ ਸ਼ਾਮਲ ਜਾਣਕਾਰੀ ਦੇ ਅਧਾਰ ’ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਪਭੋਗਤਾ ਨੂੰ ਉਹ ਸਾਰੇ ਜ਼ਰੂਰੀ ਵਿਸ਼ਲੇਸ਼ਣ ਖੁਦ ਕਰਨੇ ਚਾਹੀਦੇ ਹਨ ਜੋ ਉਸਦੀ ਰਾਏ ਵਿੱਚ ਸਮਝਦਾਰੀ ਬਣਾਉਣ ਵਿੱਚ ਸਹਾਇਤਾ ਕਰੇ। ਰਿਪੋਰਟ ਦੀ ਵਰਤੋਂ ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ (ਰੈਗੂਲੇਸ਼ਨ) ਐਕਟ 2005, ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ ਰੈਗੂਲੇਸ਼ਨਜ਼, 2006, ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ ਰੂਲਜ਼, 2006 ਦੀਆਂ ਧਾਰਾਵਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਬਿਨਾਂ ਮਨਜ਼ੂਰੀ ਤੋਂ ਰਿਪੋਰਟ ਦੇ ਕਿਸੇ ਵੀ ਹਿੱਸੇ ਦੀ ਨਕਲ, ਵੰਡ ਜਾਂ ਪ੍ਰਕਾਸ਼ਤ ਨਹੀਂ ਕੀਤੀ ਜਾਣੀ ਚਾਹੀਦੀ।

## ਸੰਪਰਕ ਵੇਰਵੇ

ਇਕੁਇਫੈਕਸ ਕ੍ਰੈਡਿਟ ਇਨਫਾਰਮੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ
ਯੂਨਿਟ ਨੰਬਰ - 931, ਤੀਜੀ ਮੰਜ਼ਲ, ਬਿਲਡਿੰਗ ਨੰ: 9,
ਸੌਲੀਟੇਅਰ ਕਾਰਪੋਰੇਟ ਪਾਰਕ, ਅੰਧੇਰੀ ਘਾਟਕੋਪਰ ਲਿੰਕ ਰੋਡ,
ਅੰਧੇਰੀ (ਪੂਰਬੀ), ਮੁੰਬਈ - 400 093
ਟੋਲ ਫ੍ਰੀ ਨੰਬਰ: 1800 2093247
ecissupport@equifax.com

ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ਼ ਇੰਡੀਆ
ਸਵਾਵਲੰਬਨ ਭਵਨ, ਪਲਾਟ ਨੰਬਰ ਸੀ - 11, 'ਜੀ' ਬਲਾਕ,
ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ),
ਮੁੰਬਈ - 400 051 ਮਹਾਰਾਸ਼ਟਰ
ਟੋਲ ਫ੍ਰੀ ਨੰਬਰ: 1800 226753
www.sidbi.in/en

ਕਾਪੀਰਾਈਟ © 2020, ਇਕੁਇਫੈਕਸ ਇੰਕ., ਐਟਲਾਂਟਾ, ਜਾਰਜੀਆ। ਸਾਰੇ ਹੱਕ ਰਾਖਵੇਂ ਹਨ। ਇਕੁਇਫੈਕਸ - ਇਕੁਇਫੈਕਸ ਇੰਕ. ਦਾ ਰਜਿਸਟਰਡ ਟ੍ਰੇਡਮਾਰਕ ਹੈ।